| Surname | | Other Names | |
|---|---|---|---|
| Centre Number | | Candidate Number | |
| Candidate Signature | | | |

Leave blank

General Certificate of Secondary Education
Summer 2003

**PANJABI** **3681/RH**
**Higher Tier**
**Reading Test**

H

Friday 23 May 2003 1.30pm – 2.20pm

**No additional materials are required.**

Time allowed: 50 minutes

**Instructions**
- Use blue or black ink or ball-point pen.
- Fill in the boxes at the top of this page.
- Write your answers in this combined question paper/answer book.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.

**Information**
- Mark allocations are shown in brackets.
- The maximum mark for this paper is **45**.
- You are **not** allowed to use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2 / 3 | | | |
| 4 / 5 | | | |
| 6 / 7 | | | |
| 8 / 9 | | | |
| 10 / 11 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

Copyright © 2003 AQA and its licensors. All rights reserved.

LEAVE MARGIN BLANK

## ਸੈਕਸ਼ਨ ਏ

## ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਤੁਸੀਂ ਇਹ ਇਸ਼ਤਿਹਾਰ ਲੋਕਲ ਅਖਬਾਰ ਵਿੱਚ ਦੇਖਦੇ ਹੋ ।

# ਵਿਸਾਖੀ ਮਨਾਉ ਤੇ ਭੰਗੜਾ ਪਾਉ

ਵਿਸਾਖੀ ਦੀ ਖੁਸ਼ੀ ਵਿੱਚ 26 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਏਸ਼ੀਅਨ ਕਮਿਊਨਿਟੀ ਸੈਂਟਰ ਵਿੱਚ ਫੈਮਿਲੀ ਵਿਸਾਖੀ ਸ਼ੋਅ ਦਾ ਪ੍ਰਬੰਧ ਕੀਤਾ ਗਿਆ ਹੈ । ਸ਼ੋਅ ਦਾ ਸਮਾਂ ਸ਼ਾਮ ਦੇ ਛੇ ਵਜੇ ਤੋਂ ਦਸ ਵਜੇ ਤੱਕ ਹੈ । ਟਿਕਟ ਸਿਰਫ ਪੰਜ ਪੌਂਡ ਹੈ । ਦਸ ਸਾਲ ਤੋਂ ਘੱਟ ਉਮਰ ਦੇ ਬੱਚੇ ਮੁਫਤ ਜਾ ਸਕਦੇ ਹਨ । ਮਲਕੀਤ ਸਿੰਘ, ਸਤਵਿੰਦਰ ਬਿੱਟੀ ਤੇ 'ਪੰਜਾਬ ਭੰਗੜਾ ਗਰੁੱਪ' ਪ੍ਰੋਗਰਾਮ ਕਰਨਗੇ । ਪੰਜਾਬੀ ਖਾਣਾ ਵੀ ਵਰਤਾਇਆ ਜਾਵੇਗਾ ।

(ੳ) ਸ਼ੋਅ ਕਿਉਂ ਹੋ ਰਿਹਾ ਹੈ ?

....................................................................................................................................

*(1 mark)*

(ਅ) ਸ਼ੋਅ ਕਦੋਂ ਹੋਵੇਗਾ ?

....................................................................................................................................

*(1 mark)*

(ੲ) ਸ਼ੋਅ ਕਿੰਨੇ ਘੰਟੇ ਦਾ ਹੋਵੇਗਾ ?

....................................................................................................................................

*(1 mark)*

(ਸ) ਸ਼ੋਅ ਦਾ ਟਿਕਟ ਕਿੰਨੇ ਦਾ ਹੋਵੇਗਾ ?

....................................................................................................................................

*(1 mark)*

(ਹ) ਸ਼ੋਅ ਦਾ ਪ੍ਰੋਗਰਾਮ ਕਰਨ ਲਈ ਕੌਣ ਆ ਰਿਹਾ ਹੈ ?

....................................................................................................................................

*(1 mark)*

LEAVE MARGIN BLANK

**2** ਇਹ ਇੱਕ ਲੇਖ ਦਾ ਹਿੱਸਾ ਹੈ ਜੋ ਹਰਪਰੀਤ ਨੇ ਲਿਖਿਆ ਸੀ ।

> ਮੈਂ ਆਪਣੇ ਮਾਤਾ, ਪਿਤਾ, ਭੈਣ ਅਤੇ ਭਰਾ ਨਾਲ ਰਹਿੰਦੀ ਹਾਂ । ਮੇਰੇ ਭਰਾ ਦਾ ਸੁਭਾਅ ਬਹੁਤ ਹੀ ਹਸਮੁੱਖ ਹੈ । ਉਹ ਹਰ ਵੇਲੇ ਮਜ਼ਾਕ ਕਰਦਾ ਰਹਿੰਦਾ ਹੈ । ਮੇਰੀ ਭੈਣ ਬਹੁਤ ਘੱਟ ਬੋਲਦੀ ਹੈ । ਮੇਰਾ ਭਰਾ ਕਹਿੰਦਾ ਹੈ ਕਿ ਮੇਰੀ ਭੈਣ ਬਹੁਤ ਬੋਰਿੰਗ ਹੈ । ਮੇਰੇ ਮਾਤਾ ਜੀ ਬਹੁਤ ਗੱਲਾਂ ਕਰਦੇ ਹਨ । ਉਹ ਬਹੁਤੀ ਦੇਰ ਚੁੱਪ ਨਹੀਂ ਬੈਠ ਸਕਦੇ । ਮੇਰੇ ਪਿਤਾ ਜੀ ਕਾਫ਼ੀ ਸਖ਼ਤ ਸੁਭਾਅ ਦੇ ਹਨ । ਉਹ ਆਮ ਤੌਰ ਤੇ ਖੁਸ਼ ਹੀ ਰਹਿੰਦੇ ਹਨ ਪਰ ਕਦੀ ਕਦੀ ਜਦ ਉਹ ਥੱਕੇ ਹੁੰਦੇ ਹਨ ਤਾਂ ਬਹੁਤ ਜਲਦੀ ਗੁੱਸੇ ਹੋ ਜਾਂਦੇ ਹਨ । ਮੇਰੇ ਮਾਤਾ ਜੀ ਕਹਿੰਦੇ ਹਨ ਕਿ ਮੇਰਾ ਸੁਭਾਅ ਬਹੁਤ ਮਿੱਠਾ ਹੈ । ਸਾਰੇ ਮੈਨੂੰ ਬਹੁਤ ਪਿਆਰ ਕਰਦੇ ਹਨ ।

ਵਾਕਾਂ ਨੂੰ ਪੜ੍ਹੋ ।

**ਲਿਖੋ :**

ਠੀਕ **ਠ**
ਗਲਤ **ਗ**
ਪਤਾ ਨਹੀਂ **?**

| | | |
|---|---|---|
| ਉਦਾਹਰਣ | ਹਰਪਰੀਤ ਦੀਆਂ ਦੋ ਭੈਣਾਂ ਤੇ ਇੱਕ ਭਰਾ ਹੈ । | **ਗ** |
| | ਹਰਪਰੀਤ ਦਾ ਭਰਾ ਹਰ ਵੇਲੇ ਖੁਸ਼ ਰਹਿੰਦਾ ਹੈ । | |
| | ਹਰਪਰੀਤ ਦੀ ਭੈਣ ਬਹੁਤ ਉਦਾਸ ਰਹਿੰਦੀ ਹੈ । | |
| | ਹਰਪਰੀਤ ਦੇ ਮਾਤਾ ਜੀ ਚੁੱਪ ਰਹਿੰਦੇ ਹਨ । | |
| | ਹਰਪਰੀਤ ਦੇ ਪਿਤਾ ਜੀ ਕਦੀ ਕਦੀ ਗੁੱਸੇ ਹੁੰਦੇ ਹਨ । | |
| | ਹਰਪਰੀਤ ਦਾ ਸੁਭਾਅ ਬਹੁਤ ਚੰਗਾ ਹੈ । | |

*(5 marks)*

10

**Turn over**

**3** ਕਿਰਨ ਕਲਾਸ ਦੇ ਨਿਯਮਾਂ ਬਾਰੇ ਆਪਣੇ ਵਿਚਾਰ ਦੱਸਦੀ ਹੈ ।

# ਕਲਾਸ ਦੇ ਨਿਯਮ

ਕਲਾਸ ਦੇ ਨਿਯਮਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਨਿਯਮਾਂ ਤੋਂ ਬਿਨਾਂ ਬੱਚਿਆਂ ਦੀ ਪੜ੍ਹਾਈ ਤੇ ਬਹੁਤ ਬੁਰਾ ਅਸਰ ਪੈ ਸਕਦਾ ਹੈ । ਨਿਯਮਾਂ ਤੋਂ ਬਿਨਾਂ ਨਾ ਤਾਂ ਚੰਗੀ ਤਰ੍ਹਾਂ ਪੜ੍ਹਾਇਆ ਜਾ ਸਕਦਾ ਹੈ ਅਤੇ ਨਾ ਹੀ ਚੰਗੀ ਤਰ੍ਹਾਂ ਸਿੱਖਿਆ ਜਾ ਸਕਦਾ ਹੈ । ਜੇ ਬੱਚੇ ਚੁੱਪ ਕਰਕੇ ਨਾ ਬੈਠਣ ਤੇ ਅਧਿਆਪਕ ਨੂੰ ਧਿਆਨ ਨਾਲ ਨਾ ਸੁਣਨ ਤਾਂ ਉਨ੍ਹਾਂ ਨੂੰ ਔਖੀਆਂ ਗੱਲਾਂ ਸਮਝ ਨਹੀਂ ਆਉਂਦੀਆਂ । ਜਿਹੜੇ ਵਿਦਿਆਰਥੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਉਹ ਆਮ ਤੌਰ ਤੇ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹਨ ।

(ੳ) ਕਲਾਸ ਦੇ ਨਿਯਮਾਂ ਦਾ ਹੋਣਾ ਕਿਉਂ ਜ਼ਰੂਰੀ ਹੈ ? ਤਿੰਨ ਗੱਲਾਂ ਲਿਖੋ ।

..........................................................................................................

..........................................................................................................

..........................................................................................................

*(3 marks)*

(ਅ) ਜਿਹੜੇ ਵਿਦਿਆਰਥੀ ਕਲਾਸ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਉਨ੍ਹਾਂ ਨੂੰ ਕੀ ਨੁਕਸਾਨ ਹੁੰਦਾ ਹੈ ?

..........................................................................................................

*(1 mark)*

LEAVE MARGIN BLANK

**4 ਤੁਸੀਂ ਇੱਕ ਰਸਾਲੇ ਵਿੱਚ ਇਹ ਲੇਖ ਪੜ੍ਹਦੇ ਹੋ ।**

**ਹੇਠ ਦਿੱਤੇ ਖਾਨਿਆਂ ਵਿੱਚ ਠੀਕ ਸ਼ਬਦਾਂ ਦੇ ਨੰਬਰ ਭਰੋ ।**

## ਟੈਲੀਵਿਯਨ ਤੇ ਖਾਣਾ-ਪਕਾਉਣਾ

ਉਦਾਹਰਣ

ਮੈਂ [6] ਤੇ ਖਾਣੇ ਦੇ ਪ੍ਰੋਗਰਾਮ ਬਹੁਤ ਪਸੰਦ ਕਰਦੀ ਹਾਂ । ਇਹ ਪ੍ਰੋਗਰਾਮ ਦੇਖ ਕੇ ਮੈਂ ਬਹੁਤ ਤਰ੍ਹਾਂ ਦੇ ਖਾਣਿਆਂ ਬਾਰੇ [ ] ਹੈ । ਮੈਂ ਟੈਲੀਵਿਯਨ ਤੋਂ ਹੀ ਪੀਜ਼ਾ ਤੇ ਪਾਸਟਾ ਵਰਗੇ [ ] ਬਣਾਉਣੇ ਸਿੱਖੇ ਹਨ । ਮੱਛੀ ਤੇ 'ਸੀ-ਫੂਡ' ਵਰਗੇ ਖਾਣਿਆਂ ਨੇ ਤਾਂ ਮੇਰਾ [ ] ਹੀ ਜਿੱਤ ਲਿਆ ਹੈ ਕਿਉਂਕਿ ਇਹ ਖਾਣੇ ਸੁਆਦ ਅਤੇ [ ] ਲਈ ਬਹੁਤ ਚੰਗੇ ਵੀ ਹਨ । ਮੈਂ [ ] ਤੇ ਥਾਈ ਖਾਣੇ ਵੀ ਬਹੁਤ ਪਸੰਦ ਕਰਦੀ ਹਾਂ ਪਰ ਅਜੇ ਬਣਾ ਨਹੀਂ ਸਕਦੀ । [ ] ਖਾਣਿਆਂ ਵਿੱਚ ਦਾਲਾਂ, ਸਬਜ਼ੀਆਂ ਤੇ [ ] ਹੋਣੇ ਵੀ ਬਹੁਤ ਜ਼ਰੂਰੀ ਹਨ । ਮੈਨੂੰ ਟੈਲੀਵਿਯਨ ਤੋਂ ਹੀ ਪਤਾ ਲੱਗਿਆ ਹੈ ਕਿ [ ] ਨੂੰ ਜ਼ਿਆਦਾ ਪਕਾਉਣਾ ਨਹੀਂ ਚਾਹੀਦਾ ਕਿਉਂਕਿ ਇਸ ਨਾਲ [ ] ਨਸ਼ਟ ਹੋ ਜਾਂਦੇ ਹਨ ।

1. ਚੀਨੀ
2. ਸਿਹਤ
3. ਫਲ
4. ਸਬਜ਼ੀਆਂ
5. ਪਸੰਦ
6. ਟੈਲੀਵਿਯਨ
7. ਸਿਹਤਮੰਦ
8. ਖਾਣੇ
9. ਵਿਟਾਮਿਨ
10. ਸਿੱਖਿਆ
11. ਮਨ
12. ਸੌਖੇ

*(9 marks)*

13

**Turn over ▶**

LEAVE MARGIN BLANK

**5** ਤੁਸੀਂ ਮਨਦੀਪ ਦਾ ਲਿਖਿਆ ਇਹ ਲੇਖ ਪੜ੍ਹਦੇ ਹੋ ।

## ਮੇਰਾ ਸਕੂਲ

ਮੇਰਾ ਸਕੂਲ ਕਾਫੀ ਵੱਡਾ ਹੈ । ਇਸ ਵਿੱਚ ਇੱਕ ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ । ਇਹ ਕੁੜੀਆਂ ਤੇ ਮੁੰਡਿਆਂ ਦਾ ਸਾਂਝਾ ਸਕੂਲ ਹੈ । ਇੱਥੇ ਵੱਖ ਵੱਖ ਨਸਲਾਂ ਤੇ ਧਰਮਾਂ ਦੇ ਵਿਦਿਆਰਥੀ ਪੜ੍ਹਦੇ ਹਨ । ਇਹ ਇੱਕ ਮਲਟੀਕਲਚਰਲ ਸਕੂਲ ਹੈ ਕਿਉਂਕਿ ਇੱਥੇ ਵੱਖ ਵੱਖ ਧਰਮਾਂ ਤੇ ਸਭਿਆਚਾਰਾਂ ਦੀ ਇੱਜ਼ਤ ਕੀਤੀ ਜਾਂਦੀ ਹੈ । ਸਾਰਿਆਂ ਬੱਚਿਆਂ ਦੇ ਪਿਛੋਕੜ ਨੂੰ ਪਛਾਣਨ ਲਈ ਵੱਖ ਵੱਖ ਤਿਉਹਾਰ ਮਨਾਏ ਜਾਂਦੇ ਹਨ ਜਿਵੇਂ ਕਿ ਦੀਵਾਲੀ, ਵਿਸਾਖੀ, ਈਦ ਅਤੇ ਕਰਿਸਮਸ ਆਦਿ ।

ਮੈਂ ਇਸ ਗੱਲ ਤੇ ਬਹੁਤ ਖੁਸ਼ ਹਾਂ ਕਿ ਸਾਡੇ ਸਕੂਲ ਵਿੱਚ ਨਸਲਵਾਦ (Racism) ਬਹੁਤ ਘੱਟ ਹੈ । ਜੇ ਕੋਈ ਨਸਲਵਾਦੀ ਘਟਨਾ ਹੋ ਵੀ ਜਾਵੇ ਤਾਂ ਇਸ ਨੂੰ ਬਹੁਤ ਗੰਭੀਰ ਸਮਝਿਆ ਜਾਂਦਾ ਹੈ ਅਤੇ ਬੜੀ ਤੇਜ਼ੀ ਤੇ ਸੋਝੀ ਨਾਲ ਨਿਪਟਾਇਆ ਜਾਂਦਾ ਹੈ । ਮੈਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੈ ਕਿ ਇੱਥੇ ਸਿਰਫ ਤਿੰਨ ਏਸ਼ੀਅਨ ਅਧਿਆਪਕ ਹਨ ਜਦ ਕਿ 65 ਪ੍ਰਤੀਸ਼ਤ ਵਿਦਿਆਰਥੀ ਏਸ਼ੀਅਨ ਹਨ। ਇਸ ਬਾਰੇ ਸਟੂਡੈਂਟ-ਕੌਂਸਲ ਦੇ ਲੀਡਰਾਂ ਨੇ ਮੁੱਖ ਅਧਿਆਪਕ ਨਾਲ ਮੀਟਿੰਗ ਕੀਤੀ ਸੀ । ਮੁੱਖ ਅਧਿਆਪਕ ਨੇ ਦੱਸਿਆ ਕਿ ਅਗਲੇ ਦੋ ਸਾਲਾਂ ਵਿੱਚ ਏਸ਼ੀਅਨ ਅਧਿਆਪਕਾਂ ਦੀ ਗਿਣਤੀ ਦਸ ਤੱਕ ਕਰ ਦਿੱਤੀ ਜਾਵੇਗੀ ।

ਉਹਨਾਂ ਨੇ ਇਹ ਵੀ ਦੱਸਿਆ ਕਿ ਏਸ਼ੀਅਨ ਅਧਿਆਪਕ ਲੱਭਣ ਵਿੱਚ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ । ਉਹਨਾਂ ਨੇ ਸੂਚਨਾ ਦਿੱਤੀ ਕਿ ਅੱਗੇ ਤੋਂ ਅਧਿਆਪਕਾਂ ਲਈ ਇੰਟਰਵਿਊ ਪੈਨਲ ਤੇ ਸਟੂਡੈਂਟ-ਕੌਂਸਲ ਦੇ ਇੱਕ ਵਿਦਿਆਰਥੀ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ।

(ੳ) ਮਨਦੀਪ ਦਾ ਸਕੂਲ ਕਿਸ ਤਰ੍ਹਾਂ ਦਾ ਹੈ ? ਦੋ ਗੱਲਾਂ ਲਿਖੋ ।

..........................................................................................................................................

*(1 mark)*

(ਅ) ਮਨਦੀਪ ਦੇ ਖਿਆਲ ਅਨੁਸਾਰ ਮਲਟੀਕਲਚਰਲ ਸਕੂਲ ਕਿਸ ਨੂੰ ਕਹਿੰਦੇ ਹਨ ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

LEAVE MARGIN BLANK

(ੲ) ਮਨਦੀਪ ਨੂੰ ਆਪਣੇ ਸਕੂਲ ਬਾਰੇ ਕੀ ਚੰਗਾ ਲੱਗਦਾ ਹੈ ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

(ਸ) ਵਿਦਿਆਰਥੀਆਂ ਦੀ ਮੁੱਖ ਅਧਿਆਪਕ ਨਾਲ ਹੋਈ ਮੀਟਿੰਗ ਦਾ ਕੀ ਨਤੀਜਾ ਨਿਕਲਿਆ ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

(ਹ) ਤੁਹਾਡੇ ਖਿਆਲ ਅਨੁਸਾਰ ਸਕੂਲਾਂ ਵਿੱਚ ਏਸ਼ੀਅਨ ਅਧਿਆਪਕ ਕਿਉਂ ਘੱਟ ਹਨ ਅਤੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਕੀ ਕੀਤਾ ਜਾ ਸਕਦਾ ਹੈ ?

..........................................................................................................................................

..........................................................................................................................................

*(2 marks)*

**TURN OVER FOR THE NEXT QUESTION**

9

LEAVE MARGIN BLANK

**6** ਤੁਸੀਂ ਜਸਪਾਲ ਦਾ ਪਿਛਲੇ ਹਫ਼ਤੇ ਦਾ ਪੰਜਾਬੀ ਦਾ ਹੋਮ-ਵਰਕ ਬੋਰਡ ਤੇ ਲੱਗਿਆ ਪੜ੍ਹਦੇ ਹੋ ।

## ਸਾਡਾ ਘਰ

ਸਾਡਾ ਨਵਾਂ ਘਰ ਬਹੁਤ ਵੱਡਾ ਹੈ । ਮੇਰੇ ਮਾਤਾ ਜੀ ਕਹਿੰਦੇ ਹਨ ਕਿ ਵੱਡੇ ਘਰਾਂ ਦੇ ਬਹੁਤ ਫਾਇਦੇ ਹਨ । ਜਿੰਨੇ ਮਰਜ਼ੀ ਪ੍ਰਾਹੁਣੇ ਆ ਜਾਣ, ਬੈਠਣ ਅਤੇ ਸੌਣ ਲਈ ਜਗ੍ਹਾ ਦੀ ਘਾਟ ਨਹੀਂ ਹੁੰਦੀ । ਵਿਆਹ ਜਾਂ ਅਖੰਡ-ਪਾਠ ਕਰਾਉਣਾ ਹੋਵੇ ਤਾਂ ਮੁਸ਼ਕਲ ਨਹੀਂ ਆਉਂਦੀ । ਫਰਨੀਚਰ ਵੀ ਜ਼ਿਆਦਾ ਰੱਖ ਸਕਦੇ ਹਾਂ ।

ਮੈਂ ਵੱਡੇ ਘਰ ਪਸੰਦ ਨਹੀਂ ਕਰਦਾ ਕਿਉਂਕਿ ਸਰਦੀਆਂ ਵਿੱਚ ਛੇਤੀ ਗਰਮ ਨਹੀਂ ਹੁੰਦੇ ਅਤੇ ਸਾਫ਼ ਕਰਨ ਲਈ ਬਹੁਤ ਸਮਾਂ ਲੱਗਦਾ ਹੈ । ਬਿਜਲੀ ਤੇ ਗੈਸ ਦੇ ਬਿੱਲ ਵੀ ਜ਼ਿਆਦਾ ਆਉਂਦੇ ਹਨ । ਜਗ੍ਹਾ ਖੁੱਲ੍ਹੀ ਹੋਣ ਕਰਕੇ ਪ੍ਰਾਹੁਣੇ ਵੀ ਰਾਤ ਰਹਿਣ ਦੀ ਉਮੀਦ ਕਰਕੇ ਆਉਂਦੇ ਹਨ ।

(ੳ) ਜਸਪਾਲ ਦੇ ਮਾਤਾ ਜੀ ਦੇ ਖਿਆਲ ਵਿੱਚ ਵੱਡੇ ਘਰਾਂ ਦੇ ਕੀ ਫਾਇਦੇ ਹਨ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

(ਅ) ਜਸਪਾਲ ਦੇ ਖਿਆਲ ਵਿੱਚ ਵੱਡੇ ਘਰਾਂ ਦੇ ਕੀ ਨੁਕਸਾਨ ਹਨ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

4

LEAVE MARGIN BLANK

**SECTION B**

Questions and answers in **English.**

**7** You read the views and opinions of some students in a journal.

# "ਕਭੀ ਖੁਸ਼ੀ ਕਭੀ ਗਮ"

'ਕਭੀ ਖੁਸ਼ੀ ਕਭੀ ਗਮ' ਇੱਕ ਪਰਿਵਾਰਕ ਫਿਲਮ ਹੈ । ਮੈਨੂੰ ਇਹ ਫਿਲਮ ਕਾਫ਼ੀ ਚੰਗੀ ਲੱਗੀ ਕਿਉਂਕਿ ਇਸ ਵਿੱਚ ਦਿਖਾਇਆ ਗਿਆ ਹੈ ਕਿ ਪਰਿਵਾਰ ਦੀ ਖੁਸ਼ੀ ਆਪਸ ਵਿਚਲੇ ਪਿਆਰ ਤੇ ਨਿਰਭਰ ਕਰਦੀ ਹੈ । ਇੱਕ ਗੱਲੋਂ ਮੈਨੂੰ ਇਹ ਫਿਲਮ ਜ਼ਿਆਦਾ ਚੰਗੀ ਨਹੀਂ ਲੱਗੀ ਕਿਉਂਕਿ ਇਸ ਨੂੰ ਦੇਖ ਕੇ ਮਨ ਬਹੁਤ ਉਦਾਸ ਹੋ ਜਾਂਦਾ ਹੈ । ਸਭ ਤੋਂ ਜ਼ਿਆਦਾ ਮੈਨੂੰ ਪਿਤਾ ਦਾ ਰੋਲ ਪਸੰਦ ਆਇਆ, ਜੋ *ਅਮਿਤਾਭ ਬੱਚਨ* ਨੇ ਕੀਤਾ ਹੈ । ਇਹ ਰੋਲ ਬਹੁਤ ਢੁਕਵਾਂ ਸੀ ਕਿਉਂਕਿ ਬਹੁਤ ਸਾਰੇ ਇੰਡੀਅਨ ਮਾਪੇ, ਖਾਸ ਤੌਰ ਤੇ ਬਾਪ ਆਪਣੇ ਬੱਚਿਆਂ ਨਾਲ ਪਿਆਰ ਤਾਂ ਬਹੁਤ ਕਰਦੇ ਹਨ ਪਰ ਦਿਖਾਉਂਦੇ ਬਹੁਤ ਘੱਟ ਹਨ ।

ਰਜਬੀਰ ਸਿੰਘ

ਮੇਰੇ ਸਾਰੇ ਪਰਿਵਾਰ ਨੇ ਇਹ ਫਿਲਮ ਬਹੁਤ ਪਸੰਦ ਕੀਤੀ । ਫਿਲਮ ਦੇਖਦੇ ਸਮੇਂ ਬਹੁਤੇ ਦਰਸ਼ਕਾਂ ਦੀ ਤਰ੍ਹਾਂ ਅਸੀਂ ਵੀ ਕਈ ਵਾਰ ਰੋਏ । ਫਿਲਮ ਦੇਖ ਕੇ ਮਨ ਉਦਾਸ ਤਾਂ ਜ਼ਰੂਰ ਹੋ ਜਾਂਦਾ ਹੈ ਪਰ ਇਹ ਇਸਦੀ ਕਮਜ਼ੋਰੀ ਨਹੀਂ ਸਗੋਂ ਤਾਕਤ ਸੀ । ਮੈਨੂੰ ਸਭ ਤੋਂ ਜ਼ਿਆਦਾ ਚੰਗਾ ਮਾਂ ਦਾ ਰੋਲ ਲੱਗਾ ਜੋ ਜਯਾ ਬੱਚਨ ਨੇ ਕੀਤਾ ਹੈ । ਇਹ ਦੇਖ ਕੇ ਅਹਿਸਾਸ ਹੋ ਜਾਂਦਾ ਹੈ ਕਿ ਬੱਚੇ ਮਾਂ ਦੀ ਜ਼ਿੰਦਗੀ ਹੁੰਦੇ ਹਨ । ਆਪਣੇ ਬੱਚਿਆਂ ਤੋਂ ਵਿਛੜ ਕੇ ਮਾਂ ਕਦੇ ਵੀ ਖੁਸ਼ ਨਹੀਂ ਰਹਿ ਸਕਦੀ । ਇਸ ਫਿਲਮ ਦਾ ਮੇਰੇ ਤੇ ਬਹੁਤ ਅਸਰ ਹੋਇਆ ਤੇ ਇਸ ਨੇ ਮੇਰੀ ਸੋਚ ਬਦਲ ਦਿੱਤੀ । ਘਰ ਜਾ ਕੇ ਸਭ ਤੋਂ ਪਹਿਲਾਂ ਮੈਂ ਆਪਣੇ ਮਾਤਾ ਪਿਤਾ ਨੂੰ ਜੱਫੀ ਪਾ ਕੇ ਮਿਲੀ ਅਤੇ ਕਿਹਾ ਕਿ ਮੈਂ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਹਾਂ ਅਤੇ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੀ ਹਾਂ । ਮੇਰੇ ਮਾਤਾ ਪਿਤਾ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਮੈਨੂੰ ਪਿਆਰ ਅਤੇ ਅਸੀਸ ਦਿੱਤੀ ।

ਸਰਬਜੀਤ ਕੌਰ

LEAVE MARGIN BLANK

ਮੈਨੂੰ ਇਹ ਫਿਲਮ ਬਹੁਤੀ ਪਸੰਦ ਨਹੀਂ ਆਈ ਕਿਉਂਕਿ ਇਸ ਦੀ ਕਹਾਣੀ ਕੋਈ ਖਾਸ ਨਹੀਂ ਸੀ ਅਤੇ ਕੋਈ ਐਕਸ਼ਨ ਵੀ ਨਹੀਂ ਸੀ । ਸਭ ਤੋਂ ਵਧੀਆ ਐਕਟਿੰਗ ਮੈਨੂੰ *ਕਾਜਲ* ਦੀ ਲੱਗੀ ਜੋ ਅੰਜਲੀ ਦਾ ਰੋਲ ਕਰਦੀ ਹੈ। ਅੰਜਲੀ ਦਾ ਰੋਲ ਇੱਕ ਤਰ੍ਹਾਂ ਨਾਲ ਇਸ ਫਿਲਮ ਦੀ ਜਾਨ ਸੀ । ਮੈਨੂੰ ਅੰਜਲੀ ਦਾ ਚੁਲਬੁਲਾ ਸੁਭਾਅ ਅਤੇ ਉਸਦੀ ਪੰਜਾਬੀ ਬੋਲੀ ਪਿਆਰੀ ਲੱਗੀ । ਇਸ ਫਿਲਮ ਵਿੱਚ ਕਾਫ਼ੀ ਕੁਝ ਸਿੱਖਣ ਨੂੰ ਮਿਲਦਾ ਹੈ ਜਿਵੇਂ ਕਿ ਵੱਡੇ ਹਮੇਸ਼ਾ ਠੀਕ ਨਹੀਂ ਹੁੰਦੇ ਅਤੇ ਬੱਚੇ ਹਮੇਸ਼ਾ ਗਲਤ ਨਹੀਂ ਹੁੰਦੇ । ਬੱਚੇ ਵੀ ਵੱਡਿਆਂ ਨੂੰ ਠੀਕ ਰਸਤਾ ਦਿਖਾ ਸਕਦੇ ਹਨ । ਹੋਰ ਇਹ ਕਿ ਜ਼ਿੱਦ ਤੇ ਅੜੇ ਰਹਿਣ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ । ਖੁੱਲ੍ਹ ਕੇ ਗੱਲ ਬਾਤ ਕਰਨ ਨਾਲ ਅਤੇ ਪਿਆਰ ਨਾਲ ਹਰੇਕ ਸਮੱਸਿਆ ਹੱਲ ਹੋ ਸਕਦੀ ਹੈ ।

ਕਿਰਨ ਕੌਰ

(a) How are Rajbir and Sarbjit's views about the film similar? Give **two** details.

1 ..........................................................................................................................................

2 ..........................................................................................................................................

*(2 marks)*

(b) Why did Kiran not like the film much? Give **two** details.

1 ..........................................................................................................................................

2 ..........................................................................................................................................

*(2 marks)*

(c) What effect did the film have on Sarbjit?

..............................................................................................................................................

*(1 mark)*

(d) According to Rajbir, why was the father's role in the film very suitable? Give **two** details.

1 ..........................................................................................................................................

2 ..........................................................................................................................................

*(2 marks)*

(e) According to Kiran, what can be learnt from this film? Give **two** details.

1 ..........................................................................................................................................

2 ..........................................................................................................................................

*(2 marks)*

**END OF TEST**

*9*